بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 06.03.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਸਹਾਬੀ ਹਜ਼ਰਤ ਮੁਸਅਬ ਬਿਨ ਉਮੈਰ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 6 ਮਾਰਚ 2020 ਈ. ਨੂੰ ਮਸਜਿਦ ਬੈਤੁਲ ਫ਼ੁਤੂਹ, ਮੋਰਡਨ (ਬਰਤਾਨੀਆ) ਵਿੱਚ ਦਿਤੱਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਜੁਮਏ ਦੇ ਖ਼ੁਤਬੇ ਵਿੱਚ ਹਜ਼ਰਤ ਮੁਸਅਬ ਬਿਨ ਉਮੈਰ ਦਾ ਜ਼ਿਕਰ ਹੋਇਆ ਸੀ ਜਿਸ ਦਾ ਕੁਝ ਭਾਗ ਵਰਨਣ ਕਰਨ ਤੋਂ ਰਹਿ ਗਿਆ ਸੀ ਜੋ ਅੱਜ ਬਿਆਨ ਕਰਾਂਗਾ । ਹਜ਼ਰਤ ਮੁਸਅਬ ਬਿਨ ਉਮੈਰ ਬਾਰੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਇਹ ਜ਼ਿਕਰ ਕਰਦਿਆਂ ਹੋਇਆਂ ਕਿ ਮਦੀਨੇ ਦੇ ਮੁਬਲੱਗ਼ (ਪ੍ਰਚਾਰਕ) ਦੇ ਰੂਪ ਵਿੱਚ ਭੇਜਿਆ ਗਿਆ ਸੀ ਅਤੇ ਇਹਨਾ ਦੀਆਂ ਸੇਵਾਵਾਂ ਨੂੰ ਵਰਨਣ ਕਰਦਿਆਂ ਹੋਇਆਂ ਆਪ ਨੇ ਫ਼ਰਮਾਇਆ ਕਿ ਹੱਜ ਦੇ ਮੌਕੇ ਜੱਦ ਕਿ ਅਰਬ ਦੇ ਚਾਰੇ ਪਾਸਿਓਂ ਲੋਕ ਮੱਕੇ ਵਿੱਚ ਹੱਜ ਲਈ ਇਕੱਠੇ ਹੋਣੇ ਅਰੰਭ ਹੋਏ, ਮੁਹੱਮਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਆਪਣੇ ਸੁਭਾਉ ਅਨੁਸਾਰ ਜਿੱਥੇ ਕੁਝ ਲੋਕਾਂ ਨੂੰ ਖੜਾ ਦੇਖਦੇ ਸਨ ਉਹਨਾ ਕੋਲ ਜਾਕੇ ਉਹਨਾ ਨੂੰ ਤੌਹੀਦ (ਇਕ ਈਸ਼ਵਰਵਾਦ) ਦਾ ਸੰਦੇਸ਼ ਸੁਨਾਉਣ ਲੱਗ ਜਾਂਦੇ ਸਨ ਅਤੇ ਰੱਬ ਦੀ ਬਾਦਸ਼ਾਹੀ ਦੀ ਖ਼ੁਸ਼ਖ਼ਬਰੀ ਦਿੰਦੇ ਸਨ ਅਤੇ ਜ਼ੁਲਮ, ਅਤਿਆਚਾਰ, ਬਦਕਾਰੀ, ਫ਼ਸਾਦ ਅਤੇ ਉਪਦੱਰਾਂ ਤੋਂ ਬਚੇ ਰਹਿਣ ਦੀ ਨਸੀਹਤ ਕਰਦੇ ਸਨ । ਇਸੇ ਹਾਲਤ ਵਿੱਚ ਆਪ ਮਨਾਂ ਦੀ ਵਾਦੀ ਵਿੱਚ ਫਿਰ ਰਹੇ ਸਨ ਕਿ ਛੇ ਸੱਤ ਵਿਅਕਤੀ ਜੋ ਮਦੀਨੇ ਦੇ ਵਾਸੀ ਸਨ ਉਹਨਾ'ਤੇ ਆਪ ਦੀ ਨਜ਼ਰ ਪਈ । ਆਪ ਨੇ ਉਹਨਾ ਨੂੰ ਕਿਹਾ ਕਿ ਆਪ ਲੋਕ ਕਿਹੜੇ ਕਬੀਲੇ ਨਾਲ ਸੰਬੰਧ ਰਖੱਦੇ ਹਨ । ਉਹਨਾ ਨੇ ਕਿਹਾ ਕਿ ਖ਼ਜ਼ਰਜ ਕਬੀਲੇ ਨਾਲ । ਆਪ ਨੇ ਕਿਹਾ ਕਿ ਉਹੋ ਕਬੀਲਾ ਜੋ ਯਹੂਦੀਆਂ ਦਾ ਮਿਤੱਰ ਹੈ । ਉਹਨਾ ਨੇ ਕਿਹਾ ਹਾਂ । ਆਪ ਨੇ ਫ਼ਰਮਾਇਆ ਕਿ ਕੀ ਆਪ ਲੋਕ ਥੋੜੀ ਦੇਰ ਬਹਿਕੇ ਮੇਰੀਆਂ ਗਲੱਾਂ ਸੁਣਨਗੇ ? ਇਹਨਾ ਲੋਕਾਂ ਨੇ ਕਿਉਕਿ ਆਪ ਬਾਰੇ ਸੁਣ ਰੱਖਿਆ ਸੀ ਅਤੇ ਮਨ ਵਿੱਚ ਆਪਦੇ ਦਾਵੇ ਨਾਲ ਕੁਝ ਦਿਲਚਸਪੀ ਸੀ । ਇਹਨਾ ਨੇ ਆਪਦੀ ਗੱਲ ਮੰਨ ਲਈ ਅਤੇ ਆਪਦੇ ਨਾਲ ਬਹਿਕੇ ਆਪ ਦੀਆਂ ਗਲੱਾਂ ਸੁਣਨ ਲੱਗੇ । ਆਪ ਸਲਲੱਾਹੁ ਅਲੈਹਿ ਵਸਲਮ ਨੇ ਉਹਨਾ ਨੂੰ ਦੱਸਿਆ ਕਿ ਰੱਬ ਦੀ ਬਾਦਸ਼ਾਹੀ ਨੇੜੇ ਆ ਰਹੀ ਹੈ । ਬੁੱਤ ਹੁਣ ਦੁਨੀਆਂ ਵਿੱਚੋਂ ਮਿਟਾ ਦਿੱਤੇ ਜਾਣਗੇ । ਤੌਹੀਦ (ਇਕ ਈਸ਼ਵਰ ਵਾਦ) ਨੂੰ ਦੁਨੀਆਂ ਵਿੱਚ ਕਾਇਮ ਕਰ ਦਿਤੱਾ ਜਾਏਗਾ । ਨੇਕੀ ਅਤੇ ਸੰਜਮਤਾ ਫਿਰ ਇਕ ਵਾਰ ਦੁਨੀਆ ਵਿੱਚ

ਸਥਾਪਤ ਹੋ ਜਾਏਗੀ । ਕੀ ਮਦੀਨੇ ਦੇ ਲੋਕ ਇਸ ਅਤਿ ਮਹਾਨ ਨੇਮਤ ਨੂੰ ਪਰਵਾਨ ਕਰਨ ਲਈ ਤਿਆਰ ਹਨ । ਇਹਨਾ ਲੋਕਾਂ ਨੇ ਕਿਹਾ ਕਿ ਆਪਦੀ ਸਿੱਖਿਆ ਤਾਂ ਅਸੀਂ ਕੁਬੂਲ ਕਰਦੇ ਹਾਂ ਪਰ ਬਾਕੀ ਰਿਹਾ ਇਹ ਕਿ ਮਦੀਨਾ ਇਸਲਾਮ ਨੂੰ ਪਨਾਹ ਦੇਣ ਲਈ ਤਿਆਰ ਹੈ ਜਾਂ ਨਹੀਂ ਇਸ ਬਾਰੇ ਅਸੀਂ ਆਪਣੇ ਵਤਨ ਪਰਤਕੇ ਆਪਣੀ ਕੌਮ ਨਾਲ ਗੱਲ ਕਰਾਂਗੇ ਫਿਰ ਅਸੀਂ ਦੂਜੇ ਸਾਲ ਆਪਣੀ ਕੌਮ ਦਾ ਫ਼ੈਸਲਾ ਆਪ ਨੂੰ ਦਸੱਾਂਗੇ । ਇਹ ਲੋਕ ਵਾਪਸ ਗਏ ਅਤੇ ਇਹਨਾਂ ਨੇ ਆਪਣੇ ਸਾਕਾਂ ਸੰਬੰਧੀਆਂ, ਰਿਸ਼ਤੇਦਾਰਾਂ ਤੇ ਮਿੱਤਰਾਂ ਵਿੱਚ ਆਪਦੀ ਸਿੱਖਿਆ ਦਾ ਜ਼ਿਕਰ ਸ਼ੁਰੂ ਕੀਤਾ । ਯਹੂਦੀਆਂ ਨਾਲ ਸੰਬੰਧ ਹੋਣ ਕਰਕੇ ਓਸ ਤੇ ਖ਼ਜ਼ਰਜ ਬਾਈਬਲ ਦੀਆਂ ਭਵਿੱਖਬਣੀਆਂ ਸੁਣਦੇ ਰਹਿੰਦੇ ਸਨ । ਜੱਦ ਯਹੂਦੀ ਆਪਣੀਆਂ ਔਕੁੜਾਂ ਤੇ ਕਸ਼ਟਾਂ ਦਾ ਹਾਲ ਵਰਨਣ ਕਰਦੇ ਤਾਂ ਇਸ ਦੇ ਅੰਤ ਵਿੱਚ ਇਹ ਵੀ ਕਹਿ ਦਿਆ ਕਰਦੇ ਸਨ ਕਿ ਇਕ ਨਬੀ ਜੋ ਮੂਸਾ ਦਾ ਪ੍ਰਤੀਬਿੰਬ ਹੋਵੇਗਾ ਪ੍ਰਕਟ ਹੋਣ ਵਾਲਾ ਹੈ, ਉਸਦਾ ਸਮਾਂ ਨੇੜੇ ਆ ਰਿਹਾ ਹੈ । ਜੱਦ ਉਹ ਆਏਗਾ ਅਸੀਂ ਫਿਰ ਇਕ ਵਾਰ ਦੁਨੀਆ ਵਿੱਚ ਗ਼ਾਲਬ ਆਜਾਵਾਂਗੇ । ਯਹੂਦੀਆਂ ਦੇ ਦੁਸ਼ਮਣ ਤਬਾਹ ਕਰ ਦਿੱਤੇ ਜਾਣਗੇ । ਜੱਦ ਇਹਨਾਂ ਹਾਜੀਆਂ ਤੋਂ ਮਦੀਨੇ ਵਾਲਿਆਂ ਨੇ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਦਾਵੇ ਬਾਰੇ ਸੁਣਿਆ ਅਤੇ ਆਪ ਦੀ ਸਚੱਾਈ ਉਹਨਾ ਦੇ ਦਿਲ ਵਿੱਚ ਘਰ ਕਰ ਗਈ ਅਤੇ ਉਹਨਾ ਨੇ ਕਿਹਾ ਕਿ ਇਹ ਤਾਂ ਉਹੋ ਨਬੀ ਲਗੱਦਾ ਹੈ ਜਿਸ ਦੀ ਯਹੂਦੀ ਸਾਨੂੰ ਖ਼ਬਰ ਦਿਆ ਕਰਦੇ ਸਨ । ਸੋ, ਬਹੁਤ ਸਾਰੇ ਨੌਜੁਆਨ ਇਹ ਸੁਣਕੇ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਸਿੱਖਿਆ ਦੀ ਸਚੱਾਈ ਨਾਲ ਪ੍ਰਭਾਵਤ ਹੋਏ ਅਤੇ ਯਹੂਦੀਆਂ ਤੋਂ ਸੁਣੀਆਂ ਹੋਈਆਂ ਭਵਿੱਖਬਾਣੀਆਂ ਉਹਨਾ ਦੇ ਇਮਾਨ ਲਿਆਉਣ ਵਿੱਚ ਸਹਾਇਕ ਹੋਈਆਂ । ਸੋ, ਅਗੱਲੇ ਸਾਲ ਹੱਜ ਦੇ ਮੌਕੇ'ਤੇ ਫਿਰ ਮਦੀਨੇ ਦੇ ਲੋਕ ਆਏ । ਬਾਰ੍ਹਾਂ ਵਿਅਕਤੀ ਇਸ ਵਾਰ ਮਦੀਨੇ ਤੋਂ ਇਹ ਨਿਸ਼ਚਾ ਕਰਕੇ ਚੱਲੇ ਕਿ ਉਹ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਦੀਨ ਵਿੱਚ ਦਾਖ਼ਲ ਹੋ ਜਾਣਗੇ, ਇਹਨਾ ਵਿੱਚੋਂ ਦੱਸ ਖ਼ਜ਼ਰਜ ਕਬੀਲੇ ਦੇ ਸਨ ਅਤੇ ਦੋ ਓਸ ਕਬੀਲੇ ਦੇ । ਮਨਾਂ ਵਿੱਚ ਉਹ ਆਪ ਨੂੰ ਮਿਲੇ ਅਤੇ ਉਹਨਾ ਨੇ ਆਪ ਦੇ ਹੱਥ'ਤੇ ਬੈਅਤ ਦਾ ਪ੍ਰਣ ਕੀਤਾ ਕਿ ਉਹ ਸਿਵਾਏ ਰੱਬ ਦੇ ਕਿਸੇ ਹੋਰ ਦੀ ਪ੍ਰਸਤਿਸ਼ (ਪੂਜਾ) ਨਹੀਂ ਕਰਨਗੇ । ਉਹ ਚੋਰੀ ਨਹੀਂ ਕਰਨਗੇ, ਉਹ ਬਦਕਾਰੀ ਨਹੀਂ ਕਰਨਗੇ, ਉਹ ਆਣੀਆਂ ਧੀਆਂ ਨੂੰ ਨਹੀਂ ਮਾਰਨਗੇ, ਉਹ ਇਕ ਦੂਜੇ ਉਪੱਰ ਝੂਠੇ ਆਰੋਪ  ਨਹੀਂ ਲਾਉਣਗੇ ਅਤੇ ਨ ਹੀ ਉਹ ਰੱਬ ਦੇ ਨਬੀ ਦੀਆਂ ਦੂਜੀਆਂ ਨੇਕ ਸਿੱਖਿਆਂ ਦੀ ਅਵੱਗਿਆ ਕਰਨਗੇ ।

ਇਹ ਲੋਕ ਵਾਪਸ ਗਏ ਤਾਂ ਇਹਨਾ ਨੇ ਆਪਣੀ ਕੌਮ ਵਿੱਚ ਹੋਰ ਵੀ ਤੀਬਰਤਾ ਨਾਲ ਪ੍ਰਚਾਰ ਅਰੰਭ ਕਰ ਦਿਤੱਾ । ਮਦੀਨੇ ਦੇ ਘਰਾਂ ਵਿੱਚੋਂ ਬੁੱਤ ਕਢੱਕੇ ਬਾਹਰ ਸੁੱਟੇ ਜਾਣ ਲੱਗੇ, ਬੁਤਾਂ ਸਾਹਮਣੇ ਸਿਰ ਝੁਕਾਉਣ ਵਾਲੇ ਲੋਕ ਹੁਣ ਗਰਦਨਾਂ ਚੁਕੱਕੇ ਚਲੱਣ ਲੱਗੇ । ਰੱਬ ਤੋਂ ਬਿਨਾ ਹੁਣ ਲੋਕਾਂ ਦੇ ਮੱਥੇ ਕਿਸੇ ਸਾਹਮਣੇ ਝੁਕਣ ਲਈ ਤਿਆਰ ਨਹੀਂ ਸਨ । ਯਹੂਦੀ ਹੈਰਾਨ ਸਨ ਕਿ ਸਦੀਆਂ ਦੀ ਮਿਤੱਰਤਾ ਤੇ ਸਦੀਆਂ ਦੇ ਪ੍ਰਚਾਰ ਨਾਲ ਜੋ ਤਬਦੀਲੀ ਉਹ ਪੈਦਾ ਨ ਕਰ ਸਕੇ ਇਸਲਾਮ ਨੇ ਉਹ ਤਬਦੀਲੀ ਕੁਝ ਦਿਨਾਂ ਵਿੱਚ ਹੀ ਪੈਦਾ ਕਰ ਦਿੱਤੀ । ਤੌਹੀਦ ਦਾ ਪ੍ਰਚਾਰ ਮਦੀਨੇ ਵਾਲਿਆਂ ਦੇ ਦਿਲਾਂ ਵਿੱਚ ਘਰ ਕਰਦਾ ਚਲਾ ਜਾਂਦਾ ਸੀ । ਇਕ ਮਗਰੋਂ ਇਕ ਲੋਕ ਆਉਂਦੇ ਅਤੇ ਮੁਸਲਮਾਨਾ ਨੂੰ ਕਹਿੰਦੇ ਸਾਨੂੰ ਆਪਣਾ ਦੀਨ ਸਿਖਾਓ ਪਰ ਮਦੀਨੇ ਦੇ ਨਵੇਂ ਮੁਸਲਮਾਨ ਨ ਤਾਂ ਆਪ ਇਸਲਾਮ ਦੀ ਸਿੱਖਿਆ ਤੋਂ ਪੂਰੀ ਤਰ੍ਹਾਂ ਜਾਣੂ ਸਨ ਅਤੇ ਨ ਹੀ ਉਹਨਾ ਦੀ ਐਨ੍ਹੀ ਗਿਣਤੀ ਸੀ ਕਿ ਉਹ ਸੈਂਕੜਿਆਂ ਤੇ ਹਜ਼ਾਰਾਂ ਵਿਅਕਤੀਆਂ ਨੂੰ ਇਸਲਾਮ ਬਾਰੇ ਵਿਸਥਾਰ ਨਾਲ ਦੱਸ ਸਕੱਣ । ਇਸ ਲਈ ਉਹਨਾ ਨੇ ਮੱਕੇ ਵਿੱਚੋਂ ਇਕ ਵਿਅਕਤੀ ਨੂੰ ਭਿਜਵਾਉਣ ਤੇ ਪ੍ਰਚਾਰਕ ਦੀ ਬੇਨਤੀ ਕੀਤੀ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਮੁਸਅਬ ਬਿਨ ਉਮੈਰ ਨੂੰ ਜੋ ਹਬਸ਼ੇ ਦੀ ਹਿਜਰਤ ਤੋਂ ਵਾਪਸ ਪਰਤੇ ਸਨ ਮਦੀਨੇ ਵਿੱਚ ਇਸਲਾਮ ਦੇ ਪ੍ਰਚਾਰ ਲਈ ਭਿਜਵਾਇਆ । ਮੁਸਅਬ ਰਜ਼ੀ ਅਲੱਾਹ ਅਨਹੁ ਮੱਕੇ ਤੋਂ ਬਾਹਰ ਪਹਿਲੇ ਇਸਲਾਮੀ ਮੁਬਲੱਗ਼ (ਪ੍ਰਚਾਰਕ) ਸਨ ।

ਹਿਜਰਤ ਦਾ ਹੁਕੁਮ ਮਿਲਣ'ਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਮਦੀਨੇ ਆਏ । ਮਦੀਨੇ ਹਿਜਰਤ ਕਰਨ ਦੇ ਬਾਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਹਜ਼ਰਤ ਮੁਸਅਬ ਬਿਨ ਉਮੈਰ ਅਤੇ ਹਜ਼ਰਤ ਅਬੂ ਅਯੂਬ ਅੰਸਾਰੀ ਵਿਚਕਾਰ ਭਾਈਬੰਦੀ ਕਾਇਮ ਕੀਤੀ । ਹਜ਼ਰਤ ਮੁਸਅਬ ਬਿਨ ਉਮੈਰ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ । ਬਦਰ ਦੀ ਜੰਗ ਅਤੇ ਉਹਦ ਵਿੱਚ ਮੁਹਾਜਰਾਂ ਦਾ ਝੰਡਾ ਹਜ਼ਰਤ ਮੁਸਅਬ ਬਿਨ ਉਮੈਰ ਦੇ ਹੱਥ ਸੀ ਜੋ ਰਸੂਲੁਲੱਹ ਸਲਲੱਾਹੁ ਅਲੈਹਿ ਵਸਲਮ ਨੇ ਆਪ ਨੂੰ ਦਿਤੱਾ ਸੀ ।

ਹਜ਼ਰਤ ਮੁਸਅਬ ਬਿਨ ਉਮੈਰ ਉਹਦ ਦੀ ਜੰਗ ਵਿੱਚ ਸ਼ਹੀਦ ਹੋਏ । ਉਹਦ ਦੀ ਜੰਗ ਵਾਲੇ ਦਿਨ ਹਜ਼ਰਤ ਮੁਸਅਬ ਬਿਨ ਉਮੈਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਅੱਗੇ ਲੜ ਰਹੇ ਸਨ ਅਤੇ ਲੜਦਿਆਂ ਲੜਦਿਆਂ ਸ਼ਹੀਦ ਹੋ ਗਏ । ਆਪ ਨੂੰ ਇਬਨੇ ਕਮੀਆ ਨੇ ਸ਼ਹੀਦ ਕੀਤਾ । ਇਤਿਹਾਸ ਵਿੱਚ ਆਉਂਦਾ ਹੈ ਕਿ ਉਹਦ ਦੀ ਜੰਗ ਦੇ ਅਲੰਬਰਦਾਰ ਹਜ਼ਰਤ ਮੁਸਅਬ ਬਿਨ ਉਮੈਰ ਨੇ ਝੰਡੇ ਦੀ ਸੁਰੱਖਿਆ ਦਾ ਖ਼ੂਬ ਹੱਕ ਅਦਾ ਕੀਤਾ । ਉਹਦ ਦੀ ਜੰਗ ਦੇ ਦਿਨ ਹਜ਼ਰਤ ਮੁਸਅਬ ਰਜ਼ੀ ਅਲੱਾਹ ਅਨਹੁ ਨੇ ਝੰਡਾ ਚੁੱਕਿਆ ਹੋਇਆ ਸੀ ਕਿ ਇਬਨੇ ਕਮੀਆ ਨੇ ਜੋ ਘੋੜੇ ਉਪੱਰ ਸਵਾਰ ਸੀ ਹਮਲਾਵਰ ਹੋਕੇ ਹਜ਼ਰਤ ਮੁਸਅਬ ਰਜ਼ੀ ਅਲੱਾਹ ਅਨਹੁ ਦੇ ਸੱਜੇ ਹੱਥ'ਤੇ ਜਿਸ ਵਿੱਚ ਆਪਨੇ ਝੰਡਾ ਫੜਿਆ ਸੀ ਤਲਵਾਰ ਨਾਲ ਵਾਰ ਕੀਤਾ ਅਤੇ ਉਸਨੂੰ ਕੱਟ ਦਿੱਤਾ, ਇਸ'ਤੇ ਹਜ਼ਰਤ ਮੁਸਅਬ ਬਿਨ ਉਮੈਰ ਇਹ ਆਇਤ ਤਿਲਾਵਤ ਕਰਨ ਲੱਗੇ : وَمَا مُحَمَّدٌ اِلَّا رَسُوْلٌ ۚ قَدْ خَلَتْ مِنْ قَبْلِهِ الرُّسُلُ ۔ ਅਤੇ ਝੰਡਾ ਦੂਜੇ ਹੱਥ ਵਿੱਚ ਫੜ ਲਿਆ । ਇਬਨੇ ਕਮੀਆ ਨੇ ਖੱਬੇ ਹੱਥ'ਤੇ ਵਾਰ ਕਰਕੇ ਉਸਨੂੰ ਵੀ ਕੱਟ ਦਿਤੱਾ ਤਾਂ ਆਪਨੇ ਦੋਹਾਂ ਕੱਟੇ ਹੱਥਾਂ ਨਾਲ ਇਸਲਾਮੀ ਝੰਡੇ ਨੂੰ ਆਪਣੀ ਹਿੱਕ ਨਾਲ ਲਾ ਲਿਆ । ਇਸ ਦੇ ਬਾਦ ਇਬਨੇ ਕਮੀਆ ਨੇ ਤੀਜਾ ਵਾਰ ਆਪਣੇ ਨੇਜ਼ੇ ਨਾਲ ਕੀਤਾ ਅਤੇ ਹਜ਼ਰਤ ਮੁਸਅਬ ਰਜ਼ੀ ਅਲੱਾਹ ਅਨਹੁ ਦੇ ਸੀਨੇ ਵਿੱਚ ਗੱਡ ਦਿਤੱਾ, ਨੇਜ਼ਾ ਟੁੱਟ ਗਿਆ, ਹਜ਼ਰਤ ਮੁਸਅਬ ਡਿੱਗ ਪਏ । ਝੰਡਾ ਤਾਂ ਕਿਸੇ ਮੁਸਲਮਾਨ ਨੇ ਝੱਟ ਅੱਗੇ ਵਧੱਕੇ ਸੰਭਾਲ ਲਿਆ ਪਰ ਕਿਉਂਕਿ ਮੁਸਅਬ ਰਜ਼ੀ ਅਲੱਾਹ ਅਨਹੁ ਦਾ ਡੀਲਡੋਲ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨਾਲ ਮਿਲਦਾ ਸੀ, ਇਬਨੇ ਕਮੀਆ ਨੇ ਸਮਝਿਆ ਕਿ ਮੈਂ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਮਾਰ ਲਿਆ ਹੈ ਜਾਂ ਇਹ ਵੀ ਸੰਭਵ ਹੈ ਕਿ ਉਹਨਾ ਵੱਲੋਂ ਇਹ ਕੇਵਲ ਸ਼ਰਾਰਤ ਤੇ ਧੋਖਾ ਦੇਣ ਦੇ ਪੱਖੋਂ ਹੋਵੇ । ਬਹਿਰਹਾਲ ਉਸ ਨੇ ਮੁਸਅਬ ਨੂੰ ਸ਼ਹੀਦ ਕਰਕੇ ਰੌਲ਼ਾ ਪਾ ਦਿਤੱਾ ਕਿ ਮੈਂ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਮਾਰ ਦਿਤੱਾ ਹੈ । ਇਹ ਵੀ ਬਹੁਤ ਵਡੱਾ ਕਾਰਣ ਬਣੀ ਸੀ ਜੋ ਉਹਦ ਦੀ ਜੰਗ ਵਿੱਚ ਮੁਸਲਾਮਾਨੇ ਦੇ ਹੌਂਸਲੇ ਪਸਤ ਹੋਣ ਦੇ ਪਰੰਤੂ ਬਹਿਰਹਾਲ ਬਾਦ ਵਿੱਚ ਇਕੱਠੇ ਵੀ ਹੋ ਗਏ । ਸ਼ਹੀਦੀ ਸਮੇਂ ਮੁਸਅਬ ਦੀ ਉਮਰ ਚਾਲ਼ੀ ਸਾਲ ਜਾਂ ਇਸ ਤੋਂ ਕੁੱਝ ਅੱਗੇ ਪਿੱਛੇ ਸੀ ।

ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਜੱਦ ਹਜ਼ਰਤ ਮੁਸਅਬ ਦੀ ਲੋਥ ਕੋਲ ਪਹੁੰਚੇ ਤਾਂ ਇਹਨਾ ਦੀ ਲੋਥ ਮੂੰਹ ਭਾਰ ਪਈ ਸੀ, ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਉਸਦੇ ਕੋਲ ਖੜੇ ਹੋਕੇ ਇਹ ਆਇਤ ਪੜ੍ਹੀ ਕਿ :

مِنَ الْمُؤْمِنِيْنَ رِجَالٌ صَدَقُوْا مَا عَاهَدُوا اللّٰهَ عَلَيْهِ ۚ فَمِنْهُمْ مَّنْ قَضٰى نَحْبَهٗ وَمِنْهُمْ مَّنْ يَّنْتَظِرُ ۖ وَمَا بَدَّلُوْا تَبْدِيْلًا ۔

ਕਿ ਮੋਮਿਨਾ ਵਿੱਚ ਅਜਿਹੇ ਮਰਦ ਹਨ ਜਿੰਨ੍ਹਾ ਨੇ ਜਿਸ ਗਲ ਦਾ ਰੱਬ ਨਾਲ ਪ੍ਰਣ ਕੀਤਾ ਸੀ ਉਸਨੂੰ ਸਚੱਾ ਕਰਕੇ ਦਿਖਾ ਦਿਤੱਾ, ਸੋ, ਇਹਨਾ ਵਿੱਚੋਂ ਉਹ ਵੀ ਹੈ ਜਿਸਨੇ ਆਪਣੀ ਮਨੱਤ ਨੂੰ ਪੂਰਾ ਕਰ ਦਿਤੱਾ ਅਤੇ ਇਹਨਾ ਵਿੱਚ ਉਹ ਵੀ ਹੈ ਜੋ ਹੁਣੇ ਉਡੀਕ ਕਰ ਰਿਹਾ ਹੈ ਅਤੇ ਉਹਨਾ ਨੇ ਆਪਣੇ ਕਰਮ ਵਿੱਚ ਉਕੱਾ ਹੀ ਪਰਿਵਰਤਨ ਨਹੀਂ ਕੀਤਾ । ਇਸ ਦੇ ਬਾਦ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ :

ان رسول اللہ یشھد انکم الشھداء عند اللہ یوم القیامة۔

ਕਿ ਰੱਬ ਦਾ ਰਸੂਲ ਗਵਾਹੀ ਦਿੰਦਾ ਹੈ ਕਿ ਤੁਸੀਂ ਲੋਕ ਕਯਾਮਤ (ਪਰਲੈ) ਦੇ ਦਿਨ ਵੀ ਰੱਬ ਨੇੜੇ ਸ਼ਹੀਦਾਂ ਵਿੱਚੋਂ ਹੋ । ਫਿਰ ਆਪ ਸਲਲੱਾਹੁ ਅਲੈਹਿ ਵਸਲਮ ਨੇ ਸਹਾਬਾ ਨੂੰ ਸੰਬੋਧਨ ਕਰਕੇ ਫ਼ਰਮਾਇਆ ਕਿ ਇਸਦੇ ਦਰਸ਼ਨ ਕਰ

ਲਓ ਅਤੇ ਇਸ'ਤੇ ਸਲਾਮ ਭੇਜੋ । ਉਸ ਜ਼ਾਤ (ਰੱਬ) ਦੀ ਸਹੁੰ ਜਿਸ ਦੇ ਹੱਥ ਵਿੱਚ ਮੇਰੀ ਜਾਨ ਹੈ ਕਯਾਮਤ ਦੇ ਦਿਨ ਤੱਕ ਜੋ ਵੀ ਇਹਨਾ'ਤੇ ਸਲਾਮ ਕਹੇਗਾ ਇਹ ਉਸਦੇ ਸਲਾਮ ਦਾ ਉੱਤਰ ਦੇਣਗੇ ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਬਿਆਨ ਕਰਦੇ ਹਨ ਕਿ ਜਹਾਲਤ ਦੇ ਯੁੱਗ ਵਿੱਚ ਮੁਸਅਬ ਮੱਕੇ ਦੇ ਨੌਜੁਆਨਾਂ ਵਿੱਚ ਸਭ ਤੋਂ ਵੱਧ ਖ਼ੁਸ਼ਬਾਸ਼ ਤੇ ਬਾਂਕੇ ਗਭਰੂ ਸਮਝੇ ਜਾਂਦੇ ਸਨ ਅਤੇ ਬਹੁਤ ਨਾਜ਼ ਨਖ਼ਰਿਆਂ ਵਿੱਚ ਰਹਿੰਦੇ ਸਨ। ਇਸਲਾਮ ਕੁਬੂਲ ਕਰਨ ਦੇ ਬਾਦ ਇਹਨਾ ਦੀ ਇਹ ਹਾਲਤ ਬਿਲਕੁਲ ਬਦਲ ਗਈ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਇਕ ਵਾਰ ਇਹਨਾ ਦੇ ਸ਼ਰੀਰ'ਤੇ ਇਕ ਵਸਤਰ ਦੇਖਿਆ ਜਿਸ ਵਿੱਚ ਕਈ ਪੇਵੰਦ ਲੱਗੇ ਹੋਏ ਸਨ, ਆਪਨੂੰ ਇਹਨਾ ਦਾ ਉਹ ਪਹਿਲਾਂ ਸਮਾਂ ਚੇਤੇ ਆਗਿਆ ਤਾਂ ਆਪ ਦੀਆਂ ਅਖੱਾਂ ਹੰਝੂਆਂ ਨਾਲ ਭਰ ਗਈਆਂ । ਉਹਦ ਦੀ ਜੰਗ ਵਿੱਚ ਜੱਦ ਮੁਸਅਬ ਸ਼ਹੀਦ ਹੋਏ ਤਾਂ ਇਹਨਾ ਕੋਲ ਐਨ੍ਹਾ ਕਪੜਾ ਵੀ ਨਹੀਂ ਸੀ ਕਿ ਜਿਸ ਨਾਲ ਇਹਨਾ ਦੇ ਸ਼ਰੀਰ ਨੂੰ ਲਕੋਇਆ ਜਾ ਸਕਦਾ । ਪੈਰ੍ਹ ਢਕੱਦੇ ਸਨ ਤਾਂ ਸਿਰ ਨੰਗਾ ਹੋ ਜਾਂਦਾ ਸੀ ਅਤੇ ਸਿਰ ਢਕੱਦੇ ਸਨ ਤਾਂ ਪੈਰ੍ਹ ਖੁੱਲ੍ਹ ਜਾਂਦੇ ਸਨ । ਸੋ, ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਆਦੇਸ਼'ਤੇ ਸਿਰ ਨੂੰ ਕਪੜੇ ਨਾਲ ਢਕੱਕੇ ਪੈਰ੍ਹਾਂ ਨੂੰ ਘਾਹ ਆਦਿ ਨਾ ਲੁਕੋ ਦਿਤੱਾ ਗਿਆ ।

ਹਜ਼ਰਤ ਅਲੀ ਬਿਨ ਅਬੂ ਤਾਲਬਿ ਰਿਵਾਇਤ ਕਰਦੇ ਹਨ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ : ਹਰ ਨਬੀ ਨੂੰ ਰੱਬ ਨੇ ਸੱਤ ਨਕਬਾਅ (ਕਪਤਾਨ) ਪ੍ਰਦਾਨ ਕੀਤੇ ਹਨ ਅਤੇ ਮੈਂਨੂੰ ਚੋਦਾਂ ਪ੍ਰਦਾਨ ਕੀਤੇ ਹਨ ਤਾਂ ਅਸੀਂ ਅਰਜ਼ ਕੀਤੀ ਕਿ ਉਹ ਕੌਣ ਹਨ । ਆਪ ਨੇ ਫ਼ਰਮਾਇਆ ਮੇਰੇ ਦੋਵੇਂ ਨਵਾਸੇ (ਦੋਹਤੇ) ਜਾਫ਼ਰ ਤੇ ਹਮਜ਼ਾ, ਅਬੂ ਬਕਰ, ਉਮਰ, ਮਸੁਅਬ ਬਿਨ ਉਮੈਰ, ਬਿਲਾਲ, ਸਲਮਾਨ, ਮਿਕਦਾਦ, ਅਬੂਜ਼ਰ, ਅਮੱਾਰ ਅਤੇ ਅਬਦੁਲੱਾਹ ਬਿਨ ਮਸਊਦ । ਹਜ਼ਰਤ ਆਮਿਰ ਬਿਨ ਰਬੀਆ ਰਿਵਾਇਤ ਕਰਦੇ ਹਨ ਕਿ ਉਹਨਾ ਦੇ ਪਿਤਾ ਕਿਹਾ ਕਰਦੇ ਸਨ ਕਿ ਮੈਂ ਅਜਿਹਾ ਵਿਅਕਤੀ ਕਦੇ ਨਹੀਂ ਦੇਖਿਆ ਜੋ ਹਜ਼ਰਤ ਮੁਸਅਬ ਬਿਨ ਉਮੈਰ ਤੋਂ ਵੱਧ ਖ਼ੁਸ਼ ਅਖ਼ਲਾਕ ਹੋਵੇ ਅਤੇ ਉਹਨਾ ਤੋਂ ਘੱਟ ਜਿਸਨੂੰ ਮਤਿਭੇਦ ਹੋਵੇ ।

ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਜੱਦ ਉਹਦ ਦੀ ਜੰਗ ਦੇ ਬਾਦ ਮਦੀਨੇ ਪਰਤੇ ਤਾਂ ਆਪ ਨੂੰ ਹਜ਼ਰਤ ਮੁਸਅਬ ਬਿਨ ਉਮੈਰ ਦੀ ਪਤਨੀ ਹਜ਼ਰਤ ਹਮਨਾ ਬਿੰਤ ਹਜਸ਼ ਮਿਲੀ । ਲੋਕਾਂ ਨੇ ਇਹਨਾ ਨੂੰ ਇਹਨਾ ਦੇ ਭਰਾ ਹਜ਼ਰਤ ਅਬਦੁਲੱਾਹ ਬਿਨ ਹਜਸ਼ ਦੇ ਸ਼ਹੀਦ ਹੋਣ ਦੀ ਖ਼ਬਰ ਦਿੱਤੀ ਇਸ'ਤੇ ਇਹਨਾ ਨੇ ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ (اناللهوانااليهراجعون) ਪੜ੍ਹਿਆ ਅਤੇ ਉਹਨਾ ਲਈ ਬਖ਼ਸ਼ਿਸ਼ ਦੀ ਦੁਆ ਕੀਤੀ । ਫਿਰ ਲੋਕਾਂ ਨੇ ਇਹਨਾ ਨੂੰ ਇਹਨਾ ਦੇ ਪਤੀ ਹਜ਼ਰਤ ਮੁਸਅਬ ਬਿਨ ਉਮੈਰ ਦੇ ਸ਼ਹੀਦ ਹੋਣ ਦੀ ਸੂਚਨਾ ਦਿੱਤੀ ਇਸ'ਤੇ ਉਹ ਰੋਣ ਲੱਗੀ ਅਤੇ ਬੇਚੈਨ ਹੋ ਗਈਂ । ਇਸ'ਤੇ ਰਸੂਲੁਲੱਾਹ ਸਲਲੱਾਹ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਔਰਤ ਲਈ ਉਸ ਦਾ ਪਤੀ ਇਕ ਵਿਸ਼ੇਸ਼ ਅਸਥਾਨ ਰਖੱਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇੱਥੇ ਹਜ਼ਰਤ ਮੁਸਅਬ ਨਾ ਜ਼ਿਕਰ ਖ਼ਤਮ ਕਰਦਾ ਹਾਂ । ਇੰਸ਼ਾਅਲੱਾਹ ਭਵਿੱਖ ਵਿੱਚ ਅਗਲੇ ਸਹਾਬੀ ਦਾ ਜ਼ਿਕਰ ਹੋਵੇਗਾ । ਹੁਣ ਮੈਂ ਅੱਜ ਕੱਲ ਜੋ ਵਬਾ ਫ਼ੈਲੀ ਹੋਈ ਹੈ ਕੋਰੋਨਾ ਵਾਇਰਸ ਦੀ ਇਸ ਬਾਰੇ ਵੀ ਲੋਕਾਂ ਨੂੰ ਧਿਆਨ ਦੁਆਉਣਾ ਚਾਹੁੰਦਾ ਹਾਂ ਕਿ ਜਿਵੇਂ ਸਰਕਾਰਾਂ ਤੇ ਵਿਭਾਗਾਂ ਵੱਲੋਂ ਐਲਾਨ ਹੋ ਰਹੇ ਹਨ ਬਚਾਉ ਸਾਧਨਾ ਉਪੱਰ ਸਾਨੂੰ ਸਾਰਿਆਂ ਨੂੰ ਅਮਲ ਕਰਨਾ ਚਾਹੀਦਾ ਹੈ । ਕੁਝ ਹੋਮਿਓਪੈਥਿਕ ਦਵਾਈਆਂ ਬਹੁਤ ਅਰੰਭ ਵਿੱਚ ਮੈਂ ਹੋਮਿਓਪੈਥ ਨਾਲ ਮਸ਼ਵਰਾ ਕਰਕੇ ਦੱਸੀਆਂ ਸਨ, ਜੋ ਬਚਾਓ ਸਾਧਨ ਦੇ ਰੂਪ ਵਿੱਚ ਵੀ ਹਨ ਅਤੇ ਕੁਝ ਰੋਗ ਦੇ ਇਲਾਜ ਦੇ ਰੂਪ ਵਿੱਚ ਵੀ ਹਨ । ਰੱਬ ਇਹਨਾ ਵਿੱਚ ਸ਼ਿਫ਼ਾ (ਸਵਾਸਥ ਸ਼ਕਤੀ) ਰੱਖੇ, ਇਸ ਲਈ ਵਰਤੋਂ ਕਰਨੀ ਚਾਹੀਦੀ ਹੈ । ਪਰ ਨਾਲ ਹੀ ਇਸ ਦੇ ਬਚਾਓ ਦੀਆਂ ਤਦਬੀਰਾਂ ਵੀ ਜ਼ਰੂਰੀ ਹਨ ਜਿਵੇਂ ਕਿ ਐਲਾਨ ਹੋ ਰਹੇ ਹਨ । ਇਸ ਬਾਰੇ ਇਹ ਵੀ

ਜ਼ਰੂਰੀ ਹੈ ਕਿ ਮਜਮੇ (ਇਕੱਠ) ਤੋਂ ਬਚਣ । ਮਸਜਿਦ ਵਿੱਚ ਆਉਣ ਵਾਲਿਆਂ ਨੂੰ ਵੀ ਸਾਵਧਾਨੀ ਵਰਤਨੀ ਚਾਹੀਦੀ ਹੈ ਜੇਕਰ ਹਲਕਾ ਜਿਹਾ ਬੁਖ਼ਾਰ ਹੈ ਸ਼ਰੀਰ ਟੁੱਟ ਭੱਜ ਰਿਹਾ ਹੈ ਜਾਂ ਛਿੱਕਾਂ ਨਜ਼ਲਾ ਆਦਿ ਹੈ ਤਾਂ ਮਸਜਿਦ ਵਿੱਚ ਨਹੀਂ ਆਉਣਾ ਚਾਹੀਦਾ । ਫਿਰ ਮਸਜਿਦ ਵਿੱਚ ਆਉਣ ਦੇ ਵੀ ਕੁਝ ਹੱਕ ਹਨ । ਕਿਸੇ ਵੀ ਲਗੱਣ ਵਾਲੇ ਰੋਗ ਦੇ ਰੋਗੀ ਨੂੰ ਮਸਜਿਦ ਵਿੱਚ ਆਉਣ ਲਈ ਬਹੁਤ ਸਾਵਧਾਨੀ ਵਰਤਨੀ ਚਾਹੀਦੀ ਹੈ । ਫਿਰ ਅੱਜ ਕੱਲ ਵਿਸ਼ੇਸ਼ ਰੂਪ ਵਿੱਚ ਹਰ ਇਕ ਨੂੰ ਚਾਹੀਦਾ ਹੈ ਕਿ ਛਿੱਕ ਮਾਰਨ ਲੱਗਿਆਂ ਮੂੰਹ'ਤੇ ਹੱਥ ਜਾਂ ਰੁਮਾਲ ਰੱਖੇ ਅਤੇ ਅੱਜ ਕੱਲ ਜਿਵੇਂ ਕਿ ਮੈਂ ਕਿਹਾ ਵਿਸ਼ੇਸ਼ ਰੂਪ ਵਿੱਚ ਇਸ ਦੀ ਸਾਵਧਾਨੀ ਵਰਤਨ ਦੀ ਲੋੜ ਹੈ । ਅੱਜ ਕੱਲ ਡਾਕਟਰ ਜੋ ਸਾਵਧਾਨੀ ਦਸੱਦੇ ਹਨ ਉਹ ਇਹ ਹੈ ਕਿ ਹੱਥ ਤੇ ਚਿਹਰੇ ਨੂੰ ਸਾਫ਼ ਰੱਖੋ । ਹੱਥ ਜੇਕਰ ਗੰਦੇ ਹਨ ਤਾਂ ਚਿਹਰੇ'ਤੇ ਹੱਥ ਨ ਲਾਓ ਅਤੇ ਹਥੱਾਂ ਨੂੰ ਸੈਨੇਟਾਈਜ਼ਰ ਲਾਕੇ ਰਖੱਣ ਜਾਂ ਧੋਂਦੇ ਰਹਿਣ, ਪਰ ਮੁਸਲਮਾਨਾ ਲਈ, ਸਾਡੇ ਲਈ ਜੇਕਰ ਪੰਜ ਸਮੇਂ ਦਾ ਨਮਾਜ਼ੀ ਹੈ ਕੋਈ ਅਤੇ ਪੰਜੇ ਸਮੇਂ ਬਕਾਇਦਾ ਵੁਜ਼ੂ ਕਰ ਰਹੇ ਹਨ ਅਤੇ ਨੱਕ ਵਿੱਚ ਪਾਣੀ ਚੜ੍ਹਾ ਰਹੇ ਹਨ ਇਸ ਨਾਲ ਨੱਕ ਸਾਫ਼ ਹੋ ਰਿਹਾ ਹੈ ਅਤੇ ਸਹੀ ਤਰੀਕੇ ਨਾਲ ਵੁਜ਼ੂ ਕੀਤਾ ਜਾ ਰਿਹਾ ਹੈ ਤਾਂ ਇਹ ਸਫ਼ਾਈ ਦਾ ਇਕ ਅਜਿਹਾ ਉੱਤਮ ਮਿਆਰ ਹੈ ਜੋ ਸੈਨੇਟਾਈਜ਼ਰ ਦੀ ਘਾਟ ਨੂੰ ਪੂਰਾ ਕਰ ਦਿੰਦਾ ਹੈ । ਬਹਿਰਹਾਲ ਜੋ ਵੁਜ਼ੂ ਹੈ ਅਤੇ ਸਹੀ ਤਰੀਕੇ ਨਾਲ ਵੁਜ਼ੂ ਕੀਤਾ ਜਾਏ ਤਾਂ ਜ਼ਾਹਿਰੀ ਸਫ਼ਾਈ ਵੀ ਹੈ ਅਤੇ ਜੋ ਮਨੁੱਖ ਵੁਜ਼ੂ ਕਰੇਗਾ ਫਿਰ ਨਾਮਜ਼ ਵੀ ਪੜ੍ਹੇਗਾ ਤਾਂ ਇਹ ਇਕ ਰੂਹਾਨੀ ਸਫ਼ਾਈ ਦਾ ਸਾਧਨ ਵੀ ਬਣ ਜਾਂਦਾ ਹੈ । ਫਿਰ ਅੱਜ ਕੱਲ ਤਾਂ ਵਿਸ਼ੇਸ਼ ਰੂਪ ਵਿੱਚ ਦੁਆਵਾਂ ਦੀ ਵੀ ਬਹੁਤ ਅਧਿਕ ਲੋੜ ਹੈ । ਇਸ ਲਈ ਸਾਨੂੰ ਇਸ ਵੱਲ ਬਹੁਤ ਧਿਆਨ ਦੇਣਾ ਚੀਦਾ ਹੈ । ਮਸਜਿਦਾਂ ਦੇ ਹੱਕ ਬਾਰੇ ਮੈਂ ਜ਼ਿਕਰ ਕੀਤਾ ਹੈ ਤਾਂ ਇਹ ਵੀ ਜ਼ਿਕਰ ਕਰ ਦਿਆਂ ਕਿ ਵਿਸ਼ੇਸ਼ ਰੂਪ ਵਿੱਚ ਸਰਦੀਆਂ ਵਿੱਚ ਸਾਧਾਰਣਤਾ ਮਸਜਿਦ ਵਿੱਚ ਆਉਣ ਵਾਲੇ ਜੁਰਾਬਾਂ ਪਾਕੇ ਆਉਂਦੇ ਹਨ । ਜੁਰਾਬਾਂ ਵੀ ਪ੍ਰਤੀਦਿਨ ਬਦਲਣੀਆਂ ਚਾਹੀਦੀਆਂ ਹਨ ਅਤੇ ਧੋਣੀਆਂ ਚਾਹੀਦੀਆਂ ਹਨ । ਕਿਉਂਕਿ ਜੇਕਰ ਜੁਰਾਬਾਂ ਵਿੱਚੋਂ ਜਾਂ ਪੈਰ੍ਹਾਂ ਵਿੱਚੋਂ ਬੋ ਆ ਰਹੀ ਹੋਵੇ ਤਾਂ ਨਾਲ ਖੜੇ ਨਮਾਜ਼ੀ ਲਈ ਕਸ਼ਟ ਦਾ ਸਬਬ ਹੁੰਦਾ ਹੈ ਜਾਂ ਜੋ ਪਿੱਛੇ ਨਮਾਜ਼ੀ ਹੈ ਪੰਕਤੀ ਵਿੱਚ ਸਜੱਦਾ ਕਰ ਰਿਹਾ ਹੈ ਉਸ ਲਈ ਕਸ਼ਟ ਦਾ ਸਬਬ ਬਣਦਾ ਹੈ । ਇਸ ਬਾਰੇ ਸਾਵਧਾਨੀ ਵਰਤਨੀ ਚਾਹੀਦੀ ਹੈ । ਹੁਕੁਮ ਤਾਂ ਇਹ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਫ਼ਰਮਾਇਅ ਕਿ ਕੋਈ ਬੋ ਵਾਲੀ ਚੀਜ਼ ਜਿਵੇਂ ਥੋਮ (ਲਸੱਣ) ਪਿਆਜ਼ (ਗੰਡਾ) ਆਦਿ ਖਾਕੇ ਮਸਜਿਦ ਵਿੱਚ ਨ ਆਓ । ਸਗੋਂ ਇਹ ਹੁਕੁਮ ਹੈ ਕਿ ਮਸਜਿਦ ਵਿੱਚ ਆਓ ਤਾਂ ਖ਼ੁਸ਼ਬੋ ਲਗਾਕੇ ਆਇਆ ਕਰੋ ਸਗੋਂ ਐਨ੍ਹੀ ਸਾਵਧਾਨੀ ਹੈ ਕਿ ਆਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਇਆ ਕਿ ਕਚੱਾ ਮਾਸ ਲੈਕੇ ਵੀ ਮਸਜਿਦ ਵਿੱਚੋਂ ਨ ਲੰਘੋ ਕੁਜਾ ਇਹ ਕਿ ਓਥੇ ਬੈਠਾ ਵਿਅਕਤੀ । ਇਸ ਵੱਲ ਵਿਸ਼ੇਸ਼ ਰੂਪ ਵਿੱਚ ਧਿਆਨ ਦੇਣਾ ਚਾਹੀਦਾ ਹੈ ਪਰੰਤੂ ਇਸ ਦਾ ਇਹ ਅਰਥ ਨਹੀਂ ਹੈ ਕਿ ਇਸ ਬਹਾਨੇ ਮਸਜਿਦ ਵਿੱਚ ਆਉਂਣਾ ਹੀ ਛੱਡ ਦਿੱਤਾ ਜਾਏ। ਆਪਣੀ ਜ਼ਾਹਿਰੀ ਹਾਲਤ ਨੂੰ ਦੇਖਕੇ ਆਪਣੇ ਮਨ ਵਿੱਚੋਂ ਫ਼ਤਵਾ ਲੈਂਣਾ ਚਾਹੀਦਾ ਹੈ ਅਤੇ ਹਮੇਸ਼ਾ ਇਹ ਚੇਤੇ ਰੱਖੋ ਕਿ ਰੱਬ ਦਿਲਾਂ ਦਾ ਹਾਲ ਜਾਣਦਾ ਹੈ । ਇਸ ਲਈ ਜੇਕਰ ਕੋਈ ਰੋਗ ਹੈ ਤਾਂ ਡਾਕਟਰਾਂ ਤੋਂ ਤਸੱਲੀ ਕਰਵਾ ਲੈਂਣ ਕਿ ਇਹ ਕਿਸ ਪ੍ਰਕਾਰ ਦੀ ਬਿਮਾਰੀ ਹੈ ਪਰੰਤੂ ਇਕ ਦੋ ਦਿਨ ਪਰਹੇਜ਼ ਕਰਨਾ ਵੀ ਚੰਗਾ ਹੈ । ਫਿਰ ਭਾਵੇਂ ਇਹ ਹੱਥ ਮਿਲਾਉਣ ਨਾਲ ਸੰਬੰਧ ਰਖੱਦਾ ਹੈ ਪ੍ਰੇਮ ਵਧੱਦਾ ਹੈ ਪਰ ਅੱਜ ਕੱਲ ਇਸ ਬਿਮਾਰੀ ਕਰਕੇ ਪਰਹੇਜ਼ ਕਰਨਾ ਬਹੁਤ ਹੀ ਚੰਗਾ ਹੈ । ਰੱਬ ਦੇ ਆਦੇਸ਼ ਉਪੱਰ ਤਾਂ ਉਹਨਾ ਨੂੰ ਮਤਿਭੇਦ ਸੀ ਜੱਦ ਅਸੀਂ ਕਹਿੰਦੇ ਸੀ ਅਤੇ ਬਹੁਤ ਪ੍ਰੇਮ ਨਾਲ ਕਹਿੰਦੇ ਸੀ ਕਿ ਸਾਨੂੰ ਮਨਾ ਹੈ ਸਲਾਮ ਕਰਨਾ ਇਸ ਪ੍ਰਕਾਰ ਇਸਤਰੀ ਪੁਰਸ਼ ਦਾ ਹੱਥ ਮਿਲਾਉਂਣਾ ਇਸ'ਤੇ ਇਹਨਾ ਦੇ ਬਹੁਤ ਰੌਲ੍ਹੇ ਸਨ ਪਰ ਹੁਣ ਬਹੁਤ ਸੁਣਿਆ ਹੈ ਕਿ ਮਹਕਮਿਆਂ ਵਿੱਚ ਵੀ ਅਤੇ ਵੱਖ ਵੱਖ ਥਾਵਾਂ'ਤੇ ਵੀ ਇਹ ਲੋਕ ਜੋ ਇਨਕਾਰ ਕਰਦੇ ਹਨ ਅਤੇ ਬਹੁਤ ਹੀ ਰੂਡ ਤਰੀਕੇ ਨਾਲ ਕਰਦੇ ਹਨ । ਬਹਿਰਹਾਲ ਇਸ ਵਬਾ ਨੇ ਇਸ ਪੱਖੋਂ ਇਹਨਾ ਦਾ ਸੁਧਾਰ ਕਰ ਦਿੱਤਾ ਹੈ ਕਿ ਕੁਝ ਹੱਦ ਤੱਕ ਰੱਬ ਕਰੇ ਇਹ ਸੁਧਾਰ ਰੱਬ ਵੱਲ ਲੈ ਜਾਣ ਵਾਲਾ ਹੋਵੇ । ਰੱਬ ਬਿਹਤਰ ਜਾਣਦਾ ਹੈ ਕਿ ਇਸ ਵਬਾ ਨੇ ਹੋਰ

ਕਿੰਨ੍ਹਾ ਫੈਲ੍ਹਣਾ ਹੈ ਅਤੇ ਕਿੱਥੋਂ ਤੱਕ ਜਾਣਾ ਹੈ । ਰੱਬ ਦੀ ਤਕਦੀਰ ਕੀ ਹੈ ਪਰ ਜੇਕਰ ਇਹ ਰੋਗ ਰੱਬ ਦੀ ਨਰਾਜ਼ਗੀ ਦੇ ਸਬਬ ਪ੍ਰਕਟ ਹੋ ਰਿਹਾ ਹੈ ਅਤੇ ਇਸ ਜ਼ਮਾਨੇ ਵਿੱਚ ਅਸੀਂ ਦੇਖਦੇ ਹਾਂ ਕਿ ਵੱਖ ਵੱਖ ਪ੍ਰਕਾਰ ਦੀਆਂ ਵਬਾਵਾਂ, ਰੋਗ, ਜ਼ਲਜ਼ਲੇ (ਭੁਚਾਲ), ਹੜ੍ਹ ਤੇ ਤੁਫ਼ਾਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪ੍ਰਕਟ ਹੋਣ ਦੇ ਬਾਦ ਬਹੁਤ ਅਧਿਕ ਵੱਧ ਗਏ ਹਨ । ਇਓਂ ਰੱਬ ਦੀ ਇਸ ਕਰੋਪੀ ਤੇ ਕੁਪ੍ਰਭਾਵਾਂ ਤੋਂ ਬਚਣ ਲਈ ਰੱਬ ਵੱਲ ਝੁਕਣ ਦੀ ਬਹੁਤ ਲੋੜ ਹੈ ਅਤੇ ਹਰ ਅਹਮਦੀ ਨੂੰ ਇਹਨਾ ਦਿਨਾਂ ਵਿੱਚ ਵਿਸ਼ੇਸ਼ ਰੂਪ ਵਿੱਚ ਦੁਆਵਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਆਪਣੀ ਰੂਹਾਨੀ ਹਾਲਤ ਨੂੰ ਵੀ ਚੰਗਾ ਬਨਾਉਣ ਲਈ ਧਿਆਨ ਦੇਣਾ ਚਾਹੀਦਾ ਹੈ ਅਤੇ ਦੁਨੀਆ ਲਈ ਵੀ ਦੁਆ ਕਰਨੀ ਚਾਹੀਦੀ ਹੈ ਕਿ ਰੱਬ ਇਹਨਾ ਨੂੰ ਸੁਮਾਰਗ ਪ੍ਰਦਾਨ ਕਰੇ । ਰੱਬ ਦੁਨੀਆ ਨੂੰ ਵੀ ਤੌਫ਼ੀਕ ਪ੍ਰਦਾਨ ਕਰੇ ਕਿ ਉਹ ਬਜਾਏ ਦੁਨੀਆਦਾਰੀ ਵਿੱਚ ਬਹੁਤੇ ਪਏ ਰਹਿਣ ਅਤੇ ਰੱਬ ਨੂੰ ਭੁੱਲ ਜਾਣ, ਆਪਣੇ ਪੈਦਾ ਕਰਨ ਵਾਲੇ ਰੱਬ ਨੂੰ ਪਛਾਨਣ ਵਾਲੇ ਹੋਣ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਮੈਂ ਕੁਝ ਨਮਾਜ਼ ਜਨਾਜ਼ੇ ਗ਼ਾਇਬ ਵੀ ਪੜ੍ਹਾਵਾਂਗਾ । ਪਹਿਲਾ ਜਨਾਜ਼ਾਹ ਤੰਜ਼ੀਲ ਅਹਮਦ ਬੱਟ ਦਾ ਹੈ ਜੋ ਅਕੀਲ ਅਹਮਦ ਬੱਟ ਸਾਹਬ ਦੇ ਪੁਤੱਰ ਹਨ । 27 ਫ਼ਰਵਰੀ 2020 ਨੂੰ ਇਸ ਦੀ ਗੁਆਂਢਣ ਇਸਤਰੀ ਨੇ ਅਤਿਆਚਾਰਕ ਰੂਪ ਵਿੱਚ ਕਤਲ ਕਰ ਦਿੱਤਾ ਸੀ । اناللهوانااليهراجعون۔ । ਅਹਮਦੀਆਂ ਨੂੰ ਕਿਸੇ ਵੀ ਬਹਾਨੇ ਕਤਲ ਕਰਨਾ ਮੌਲਵੀਆਂ ਦੇ ਫ਼ਤਵਿਆਂ ਨੇ ਪਾਕਿਸਤਾਨ ਵਿੱਚ ਬਹੁਤ ਸੌਖਾ ਕਰ ਦਿੱਤਾ ਹੈ । ਇਹ ਕਤਲ ਵੀ ਇਸੇ ਦਾ ਸਿਟੱਾ ਹੈ ਅਤੇ ਇਸ ਪੱਖੋਂ ਤਾਂ ਮੈਂ ਇਸਨੂੰ ਸ਼ਹੀਦਾਂ ਵਿੱਚ ਸ਼ਮਾਲ ਕਰਦਾ ਹਾਂ, ਕਾਰਣ ਕੋਈ ਵੀ ਹੋਵੇ ਪਰ ਬਹਿਰਹਾਲ ਇਸ ਦੇ ਪਿੱਛੇ ਇਕ ਵਿਸ਼ੇਸ਼ ਕੀਨਾ ਅਹਮਦੀਅਤ ਦਾ ਹੈ । ਸ਼੍ਰੀ ਤੰਜ਼ੀਲ ਅਹਮਦ ਬੱਟ 20 ਨਵੰਬਰ 2009 ਈ. ਵਿੱਚ ਲਾਹੌਰ ਵਿੱਚ ਪੈਦਾ ਹੋਇਆ ਅਤੇ ਵਕਫ਼ੇ ਨਓ ਦੀ ਤਹਿਰੀਕ ਵਿੱਚ ਸ਼ਾਮਲ ਸੀ । ਬਹੁਤ ਬਕਾਇਦਗੀ ਨਾਲ ਨਮਾਜ਼ ਲਈ ਮਸਜਿਦ ਜਾਂਦਾ ਸੀ । ਰੱਬ ਉਸਨੂੰ ਆਪਣੇ ਪ੍ਰੇਮ ਦੀ ਗੋਦ ਵਿੱਚ ਥਾਂ ਦੇਵੇ ਅਤੇ ਕਾਤਲਾਂ ਨੂੰ ਉਹਨਾ ਦੇ ਅੰਜਾਮ ਤੱਕ ਪਹੁੰਚਾਏ ਅਤੇ ਮਾਂ ਬਾਪ ਨੂੰ ਸਬਰ ਤੇ ਹੌਂਸਲਾ ਪ੍ਰਦਾਨ ਕਰੇ । ਦੂਜਾ ਨਮਾਜ਼ ਜਨਾਜ਼ਾਹ ਬ੍ਰਿਗੇਡੀਅਰ ਬਸ਼ੀਰ ਅਹਮਦ ਸਾਹਬ ਦਾ ਹੈ ਜੋ ਸਾਬਕਾ ਅਮੀਰ ਜ਼ਿਲਾ ਰਾਵਲਪਿੰਡੀ ਸਨ ਜੋ ਡਾਕਟਰ ਮੁਹਮੱਦ ਅਬਦੁਲੱਾਹ ਸਾਹਬ ਦੇ ਪੁਤੱਰ ਸਨ ਇਹ । ਇਹਨਾ ਦਾ 16 ਫ਼ਰਵਰੀ ਨੂੰ ਰਾਵਲਪਿੰਡੀ ਵਿੱਚ 87 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ । انالله وانااليهراجعون۔ ।

ਤੀਜਾ ਜਨਾਜ਼ਾਹ ਡਾਕਟਰ ਹਮੀਦੁੱਦੀਨ ਸਾਹਬ ਦਾ ਹੈ ਜੋ 121 ਜ ਬ ਗੱਖੋਵਾਲ ਫ਼ੈਸਲਾਬਾਦ ਦੇ ਰਹਿਣ ਵਾਲੇ ਸਨ । 29 ਫ਼ਰਵਰੀ 2020 ਨੂੰ ਇਹਨਾ ਦਾ ਦੇਹਾਂਤ ਹੋਇਆ ਹੈ । اناللهوانااليهراجعون۔ । ਅਲੱਾਹ ਤਆਲਾ ਮਰਹੂਮ ਨਾਲ ਬਖ਼ਸ਼ਿਸ਼ ਤੇ ਰਹਿਮ ਦਾ ਸੁਲੂਕ ਕਰੇ ਅਤੇ ਇਹਨਾ ਦੇ ਦਰਜਿਆਂ ਨੂੰ ਬੁਲੰਦ ਕਰੇ ਇਹਨਾ ਦੀਆਂ ਨਸਲਾਂ ਵਿੱਚ ਵੀ ਵਫ਼ਾਦਾਰੀ ਨਾਲ ਆਪਣੀ ਬੈਅਤ ਦੇ ਹੱਕ ਪੂਰੇ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ ।


**Khulasa Khutba Jumma 06.03.2020**

Delivered By : Hadhrat Khalifatul Masih Vth (atba)

Summarized by : Majlis Ansarullah Bharat

Tarnslated by : Shamshad Ahmad Eden, from Punjabi Desk

From : Nazarat Nashr-o-Isha'at Qadian-143516, Distt. Gurdaspur, Punjab (INDIA)


Toll Free Shoba Noorul Islam-1800-3010-2131